

# ਸਾਈਬਰ ਸੁਰੱਖਿਆ ਲਈ ਪ੍ਰਮੁੱਖ ਸੁਝਾਅ

**ਔਨਲਾਈਨ ਸੁਰੱਖਿਅਤ ਰੱਖਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਕੁਝ ਜਾਣਕਾਰੀ ਹੈ।**

CERT NZ ਇੱਕ ਸਰਕਾਰੀ ਏਜੰਸੀ ਹੈ ਜੋ ਉਹਨਾਂ ਲੋਕਾਂ ਅਤੇ ਕਾਰੋਬਾਰਾਂ ਦਾ ਸਮਰਥਨ ਕਰਦੀ ਹੈ ਜਿਹਨਾਂ ਨੂੰ ਸਾਈਬਰ ਸੁਰੱਖਿਆ ਨਾਲ ਸਮੱਸਿਆ ਹੈ।

CERT NZ ਭਰੋਸੇਯੋਗ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਦੀ ਹੈ।

ਅਸੀਂ ਹਮੇਸ਼ਾ ਸਾਈਬਰ ਖਤਰਿਆਂ ਦੀ ਭਾਲ ਵਿਚ ਹਾਂ ਜੋ ਨਿਊ ਜ਼ੀਲੈਂਡ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

CERT NZ ਨਿਊ ਜ਼ੀਲੈਂਡ ਨੂੰ ਸਾਈਬਰ ਸੁਰੱਖਿਆ ਖਤਰਿਆਂ ਤੋਂ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ ਸਥਾਨਕ ਅਤੇ ਅੰਤਰਰਾਸ਼ਟਰੀ ਤੌਰ 'ਤੇ ਦੂਜੇ ਸਾਈਬਰ ਸੁਰੱਖਿਆ ਲੋਕਾਂ ਅਤੇ ਸੰਸਥਾਵਾਂ ਨਾਲ ਕੰਮ ਕਰਦੀ ਹੈ।

## /// ਲੰਮੇ, ਮਜ਼ਬੂਤ ਅਤੇ ਵਿਲੱਖਣ ਪਾਸਵਰਡਾਂ ਦੀ ਵਰਤੋਂ ਕਰੋ

ਇੱਕ ਲੰਮਾ ਪਾਸਵਰਡ, ਗੁੰਝਲਦਾਰ ਨੰਬਰਾਂ, ਅੱਖਰਾਂ ਅਤੇ ਚਿੰਨ੍ਹਾਂ ਵਾਲੇ ਪਾਸਵਰਡ ਜਿੰਨਾ ਮਜ਼ਬੂਤ ਹੁੰਦਾ ਹੈ।

ਲੰਮੇ ਪਾਸਵਰਡ ਨੂੰ ਯਾਦ ਰੱਖਣ ਦਾ ਇੱਕ ਆਸਾਨ ਤਰੀਕਾ ਚਾਰ ਜਾਂ ਵੱਧ ਸ਼ਬਦਾਂ ਦੇ ਵਾਕ ਦੀ ਵਰਤੋਂ ਕਰਨਾ ਹੈ।

ਉਦਾਹਰਣ ਲਈ, popcornwithbutterisbest!1

## /// ਇੱਕ ਪਾਸਵਰਡ ਮੈਨੇਜਰ ਦੀ ਵਰਤੋਂ ਕਰੋ

ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਹਰੇਕ ਔਨਲਾਈਨ ਖਾਤਿਆਂ ਲਈ ਇੱਕ ਵੱਖਰਾ ਪਾਸਵਰਡ ਵਰਤੋ। ਇਸਦਾ ਮਤਲਬ ਹੈ ਕਿ ਯਾਦ ਰੱਖਣ ਲਈ ਬਹੁਤ ਸਾਰੇ ਪਾਸਵਰਡ!

ਇੱਕ "ਪਾਸਵਰਡ ਮੈਨੇਜਰ" ਮਦਦ ਕਰ ਸਕਦਾ ਹੈ।

ਇਹ ਇੱਕ ਔਨਲਾਈਨ ਤਿਜੋਰੀ ਦੀ ਤਰ੍ਹਾਂ ਹੈ ਜਿਸਦੀ ਕੁੰਜੀ ਸਿਰਫ਼ ਤੁਹਾਡੇ ਕੋਲ ਹੈ। ਇਹ ਤੁਹਾਡੇ ਲਈ ਤੁਹਾਡੇ ਸਾਰੇ ਪਾਸਵਰਡ ਸੁਰੱਖਿਅਤ ਢੰਗ ਨਾਲ ਸਟੋਰ ਕਰਦਾ ਹੈ।

ਤੁਹਾਨੂੰ ਆਪਣੇ ਪਾਸਵਰਡ ਮੈਨੇਜਰ ਲਈ ਸਿਰਫ਼ ਇੱਕ ਮਜ਼ਬੂਤ ਪਾਸਵਰਡ ਯਾਦ ਰੱਖਣ ਦੀ ਲੋੜ ਹੈ, ਅਤੇ ਬਾਕੀ ਕੰਮ ਇਹ ਕਰੇਗਾ!

**Te Kāwanatanga o Aotearoa**
New Zealand Government

## /// ਟੂ-ਫੈਕਟਰ(ਦੋ-ਕਾਰਕ) ਪ੍ਰਮਾਣੀਕਰਨ ਚਾਲੂ ਕਰੋ

ਟੂ-ਫੈਕਟਰ ਪ੍ਰਮਾਣਿਕਤਾ (2FA) ਤੁਹਾਡੇ ਖਾਤਿਆਂ ਲਈ ਸੁਰੱਖਿਆ ਦੀ ਇੱਕ ਵਾਧੂ ਪਰਤ ਹੈ।

ਇਸਦਾ ਮਤਲਬ ਹੈ ਕਿ ਤੁਹਾਡੇ ਦੁਆਰਾ ਲੌਂਗ ਇਨ ਕਰਨ ਤੋਂ ਬਾਅਦ ਇੱਕ ਵਾਧੂ ਕਦਮ ਚੁੱਕਣਾ, ਜਿਵੇਂ ਕਿ ਤੁਹਾਡੇ ਫ਼ੋਨ 'ਤੇ ਕਿਸੇ ਐਪ ਤੋਂ ਮੁਹੱਈਆ ਕਰਵਾਇਆ ਗਿਆ ਕੋਡ ਦਾਖਲ ਕਰਨਾ।

ਤੁਸੀਂ ਆਪਣੇ ਫ਼ੋਨ, ਟੈਬਲੇਟ, ਐਪਸ ਅਤੇ ਖਾਤਿਆਂ 'ਤੇ 2FA ਦੀ ਵਰਤੋਂ ਕਰ ਸਕਦੇ ਹੋ।

ਤੁਹਾਨੂੰ ਆਮ ਤੌਰ 'ਤੇ ਐਪ ਜਾਂ ਖਾਤੇ ਦੀਆਂ ਪ੍ਰਾਈਵੇਸੀ(ਗੋਪਨੀਯਤਾ) ਸੈਟਿੰਗਾਂ ਵਿੱਚ ਇਸਨੂੰ ਚਾਲੂ ਕਰਨ ਦਾ ਵਿਕਲਪ ਮਿਲੇਗਾ।

## /// ਆਪਣੇ ਉਪਕਰਣਾਂ(ਡਿਵਾਈਸਾਂ) ਨੂੰ ਅੱਪਡੇਟ ਕਰੋ

ਜਦੋਂ ਤੁਸੀਂ ਆਪਣੇ ਉਪਕਰਣ(ਡਿਵਾਈਸ) (ਜਿਵੇਂ ਕਿ ਫ਼ੋਨ, ਕੰਪਿਊਟਰ, ਟੈਬਲੈੱਟ) ਨੂੰ 'ਅੱਪਡੇਟ' ਕਰਨ ਲਈ ਚੇਤਾਵਨੀ ਪ੍ਰਾਪਤ ਕਰਦੇ ਹੋ ਤਾਂ ਇਸ ਨੂੰ ਨਜ਼ਰਅੰਦਾਜ਼ ਨਾ ਕਰੋ — ਜਿੰਨੀ ਜਲਦੀ ਹੋ ਸਕੇ ਇਸਨੂੰ ਇੰਸਟਾਲ ਕਰੋ।

ਅੱਪਡੇਟ ਕਿਸੇ ਵੀ ਸੁਰੱਖਿਆ ਕਮਜ਼ੋਰੀ ਨੂੰ ਠੀਕ ਕਰਦੇ ਹਨ। ਸਾਫਟਵੇਅਰ ਅੱਪਡੇਟ ਕਰਨਾ ਹਮਲਾਵਰਾਂ ਨੂੰ ਤੁਹਾਡੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਲਈ ਇਹਨਾਂ ਕਮਜ਼ੋਰੀਆਂ ਦੀ ਵਰਤੋਂ ਕਰਨ ਤੋਂ ਰੋਕਦਾ ਹੈ।

ਜਦੋਂ ਵੀ ਨਵਾਂ ਸੰਸਕਰਣ ਉਪਲਬਧ ਹੁੰਦਾ ਹੈ ਤਾਂ ਅੱਪਡੇਟਾਂ ਨੂੰ ਆਪਣੇ ਆਪ ਹੋਣ ਲਈ ਸੈੱਟ ਕਰੋ। ਇਸ ਤਰ੍ਹਾਂ, ਤੁਹਾਨੂੰ ਇਸ ਬਾਰੇ ਸੋਚਣ ਦੀ ਲੋੜ ਨਹੀਂ ਹੈ!

## /// ਆਪਣੀ ਪ੍ਰਾਈਵੇਸੀ(ਗੋਪਨੀਯਤਾ) ਦੀ ਜਾਂਚ ਕਰੋ

ਜਾਂਚ ਕਰੋ ਕਿ ਤੁਸੀਂ ਆਪਣੇ ਬਾਰੇ ਕਿੰਨੀ ਨਿੱਜੀ ਜਾਣਕਾਰੀ ਔਨਲਾਈਨ ਸਾਂਝੀ ਕਰ ਰਹੇ ਹੋ, ਅਤੇ ਤੁਸੀਂ ਇਸਨੂੰ ਕਿਸ ਨਾਲ ਸਾਂਝਾ ਕਰ ਰਹੇ ਹੋ।

ਹਮਲਾਵਰ ਤੁਹਾਡੇ ਡੇਟਾ ਤੱਕ ਪਹੁੰਚ ਕਰਨ ਜਾਂ ਤੁਹਾਡੀ ਪਛਾਣ ਚੋਰੀ ਕਰਨ ਲਈ ਤੁਹਾਡੇ ਦੁਆਰਾ ਔਨਲਾਈਨ ਸਾਂਝੀ ਕੀਤੀ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਨ।

ਆਪਣੇ ਵੇਰਵੇ ਸਾਂਝੇ ਕਰਨ ਤੋਂ ਪਹਿਲਾਂ ਜਾਂਚ ਕਰੋ ਕਿ ਨਿੱਜੀ ਜਾਣਕਾਰੀ ਲਈ ਕੋਈ ਵੀ ਬੇਨਤੀਆਂ ਜਾਇਜ਼ ਹਨ।

ਜੇਕਰ ਕੋਈ ਕੰਪਨੀ ਜਾਂ ਕਾਰੋਬਾਰ ਤੁਹਾਡੇ ਤੋਂ ਜਾਣਕਾਰੀ ਮੰਗਦਾ ਹੈ, ਤਾਂ ਇਸ ਬਾਰੇ ਸੋਚੋ ਕਿ ਉਹਨਾਂ ਨੂੰ ਇਸਦੀ ਲੋੜ ਕਿਉਂ ਪੈ ਸਕਦੀ ਹੈ।

ਜੇਕਰ ਤੁਸੀਂ ਯਕੀਨੀ ਨਹੀਂ ਹੋ, ਤਾਂ ਜਾਣਕਾਰੀ ਪ੍ਰਦਾਨ ਨਾ ਕਰੋ।

## /// ਇਸ ਦੀ ਰਿਪੋਰਟ ਕਰੋ

ਜੇਕਰ ਤੁਸੀਂ, ਤੁਹਾਡਾ ਦੋਸਤ, ਜਾਂ ਤੁਹਾਡੇ ਕਾਰੋਬਾਰ ਨੂੰ ਕਿਸੇ ਔਨਲਾਈਨ ਘਟਨਾ ਦਾ ਅਨੁਭਵ ਹੁੰਦਾ ਹੈ, ਤਾਂ ਇਸਦੀ ਰਿਪੋਰਟ CERT NZ ਨੂੰ **www.cert.govt.nz** 'ਤੇ ਕਰੋ

ਇੱਕ ਸੂਚਨਾ ਸੁਰੱਖਿਆ ਘਟਨਾ ਦੀ ਰਿਪੋਰਟ ਕਰਨ ਲਈ, ਜਾਓ
**www.cert.govt.nz**